## FIRST TERM EXAMINATION 2025-2026
## STANDARD - X
## SUBJECT - PUNJABI

TIME: 3 HRS. M.M:80

### SECTION-A (40 MARKS)

1) **ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ -:** (15)

1. ਬੇਰੁਜ਼ਗਾਰੀ ਦੀ ਸਮਸਿਆ ਕਾਰਨ ਅਤੇ ਇਸ ਨੂੰ ਹੱਲ ਕਰਨ ਦੇ ਉਪਾਅ
2. ਨੌਜਵਾਨਾਂ ਵਿੱਚ ਦਿਨੋ ਦਿਨ ਵੱਧ ਰਹੀ ਨਸ਼ੇ ਦੀ ਆਦਤ ਦੇ ਕਾਰਨ, ਨੁਕਸਾਨ ਅਤੇ ਰੋਕਣ ਦੇ ਉਪਾਅ ਲਿਖੋ।
3. ਕਿਸੇ ਅੱਖੀਂ ਡਿੱਠੇ ਮੇਲੇ ਦਾ ਹਾਲ ਆਪਣੇ ਸ਼ਬਦਾਂ ਵਿੱਚ ਲਿਖੋ।
4. ਸੜਕ ਦੁਰਘਟਨਾਵਾਂ ਦੇ ਵਾਧੇ ਦੇ ਕੀ ਕਾਰਨ ਹਨ ਅਤੇ ਇਹਨਾਂ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ।

2) ਤੁਸੀਂ ਪਿੰਡ ਦੇ ਇੱਕ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ ਹੋ। ਆਪਣੇ ਜ਼ਿਲ੍ਹੇ ਦੇ ਮੱਛੀ ਪਾਲਣ ਦੇ ਅਫ਼ਸਰ ਨੂੰ ਇੱਕ ਪੱਤਰ ਲਿਖੋ ਤੇ ਉਸ ਪਾਸੋਂ ਮੱਛੀ ਪਾਲਣ ਸੰਬੰਧੀ ਸਰਕਾਰ ਵੱਲੋਂ ਮਿਲਦੀ ਸਹਾਇਤਾ ਬਾਰੇ ਪੁੱਛੋ।

**ਜਾਂ**

ਆਪਣੇ ਜ਼ਿਲ੍ਹੇ ਦੇ ਪੁਲਿਸ ਕਪਤਾਨ ਨੂੰ ਆਪਣੇ ਮੁਹੱਲੇ / ਪਿੰਡ ਵਿੱਚ ਹੁੰਦੀ ਗੁੰਡਾਗਰਦੀ ਬਾਰੇ ਵਿਸਥਾਰ ਸਹਿਤ ਲਿਖੋ। (7)

3) **ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ-** (10)

ਸਾਡੀ ਧਰਤੀ ਵਰਗੀਆਂ ਸੱਤ ਹੋਰ ਧਰਤੀਆਂ ਸੂਰਜ ਦੁਆਲੇ ਘੁੰਮ ਰਹੀਆਂ ਹਨ। ਇਹਨਾਂ ਅੱਠਾਂ ਨੂੰ ਗ੍ਰਹਿ ਕਹਿੰਦੇ ਹਨ ਅਤੇ ਸਾਡੀ ਧਰਤੀ ਇਹਨਾਂ ਵਿੱਚੋਂ ਤੀਸਰੇ ਸਥਾਨ ਤੇ ਹੈ। ਆਪਣੀ ਸਥਿਤੀ ਕਾਰਨ ਧਰਤੀ ਬਹੁਤ ਵਧੀਆ ਟਿਕਾਣੇ ਤੇ ਹੈ। ਨਾ ਇੰਨੀ ਦੂਰ ਪਰੇ ਕਿ ਸੂਰਜ ਦਾ ਨਿੱਘ ਹੀ ਨਾ ਪੁੱਜੇ ਤੇ ਨਾ ਹੀ ਇੰਨੀ ਕੋਲ ਨੇੜੇ ਕਿ ਗਰਮੀ ਝੁਲਸਾ ਹੀ ਦੇਵੇ। ਧਰਤੀ ਦੁਆਲੇ ਵਾਯੂਮੰਡਲ ਹੈ। ਪਤਲੇ ਵਾਯੂਮੰਡਲ ਚੋਂ ਸੂਰਜ ਦੀਆਂ ਕਿਰਨਾਂ ਵਧੀਕ ਮਾਤਰਾ ਚੋਂ ਲੰਘ ਜਾਂਦੀਆਂ ਹਨ ਤੇ ਗ੍ਰਹਿ ਦਾ ਤਾਪਮਾਨ ਲੋੜ ਤੋਂ ਵੱਧ ਜਾਂਦਾ ਹੈ। ਜੇ ਵਾਯੂਮੰਡਲ ਕੁਝ ਵਧੇਰੇ ਹੀ ਸੰਘਣਾ ਹੋਵੇ ਤਾਂ ਸੂਰਜ ਦੀਆਂ ਬਹੁਤ ਘੱਟ ਕਿਰਨਾ ਇਸ ਨੂੰ ਪਾਰ ਕਰਕੇ ਗ੍ਰਹਿ ਤੇ ਪੁੱਜ ਦੀਆਂ ਅਤੇ ਗ੍ਰਹਿ ਉੱਤੇ ਬਰਫਾਨੀ ਠਮਡ ਵਾਪਰ ਜਾਂਦੀ ਹੈ। ਪ੍ਰਿਥਵੀ ਦਾ ਵਾਯੂਮੰਡਲ ਨਾ ਬਹੁਤ ਸੰਘਣਾ ਹੈ ਤੇ ਨਾ ਬਹੁਤ ਪਤਲਾ। ਇੱਕ ਗੱਲ ਹੋਰ ਸਿਰਫ ਧਰਤੀ ਹੀ ਇੱਕ ਅਜਿਹਾ ਗ੍ਰਹਿ ਹੈ ਜਿੱਥੇ ਪਾਣੀ ਆਪਣੇ ਤਿੰਨਾਂ ਰੂਪਾਂ ਵਿੱਚ ਮਿਲਦਾ ਹੈ -ਅਰਥਾਤ ਠੋਸ ਬਰਫ, ਤਰਲ ਜਲ ਅਤੇ ਗੈਸੀ ਜਲ -ਵਾਸ਼ਪ।

1. ਧਰਤੀ ਉੱਤੇ ਜਲ ਕਿਹੜੇ ਕਿਹੜੇ ਰੂਪਾਂ ਵਿੱਚ ਮਿਲਦਾ ਹੈ?
2. ਸੂਰਜ ਦੁਆਲੇ ਕਿੰਨੇ ਗ੍ਰਹਿ ਘੁੰਮ ਰਹੇ ਹਨ ਅਤੇ ਧਰਤੀ ਕਿੰਨਵੇਂ ਥਾਂ ਤੇ ਹੈ?



Downloaded From www.icseboard.org

3. ਜੇ ਵਾਯੂਮੰਡਲ ਸੰਘਣਾ ਹੁੰਦਾ ਤਾਂ ਧਰਤੀ ਤੇ ਕੀ ਨੁਕਸਾਨ ਹੁੰਦਾ?
4. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।
ਸਥਿਤੀ ,ਬਰਫਾਨੀ ਠੰਡ ,ਤਾਪਮਾਨ ,ਰੂਪਾ

**3) ੳ. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖੋ–:** (8)

1. ਛਹੇ ਚੜ੍ਹਨਾ
2. ਤਿੱਤਰ ਹੋਣਾ
3. ਦੂਰੋਂ ਮੱਥਾ ਟੇਕਣਾ
4. ਨੰਗ ਹੋਣਾ

**4) ਅ. ਬਰੈਕਟ ਵਿੱਚ ਦਿੱਤੇ ਅਨੁਸਾਰ ਲਿਖੋ–:**

1. ਕਾਰੀਗਰ (ਵਿਰੋਧੀ ਸ਼ਬਦ ਲਿਖੋ)
2. ਜਿਹੜੇ ਇੱਕੋ ਸਮੇਂ ਹੋਣ (ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ)
3. ਨਵਾਬ (ਲਿੰਗ ਬਦਲੋ)
4. ਮੈਂ ਸਕੂਲ ਗਿਆ ਸੀ। (ਕਾਲ ਦੀ ਕਿਸਮ ਲਿਖੋ)

## SECTION B (40MARKS)

**ਨੋਟ:- ਪੜ੍ਹੀਆਂ ਹੋਈਆਂ ਦੋ ਪੁਸਤਕਾਂ ਵਿੱਚੋਂ ਕੋਈ ਚਾਰ ਪ੍ਰਸ਼ਨ ਕਰੋ। ਹਰੇਕ ਪੁਸਤਕ ਵਿੱਚੋਂ ਇੱਕ ਇੱਕ ਪ੍ਰਸ਼ਨ ਲਾਜ਼ਮੀ ਹੈ।**

**ਕਥਾ ਸੰਵੇਦਨਾ**

**5) ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਇਕ ਤੋਂ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ–:**
**"ਬਸ ਪੁੱਤ ......ਲਿਖ ਦੇ ਬਾਕੀ ਸਭ ਸੁੱਖ ਸਾਂਦ ਹੈ।".** (10)

1. ਇਹ ਸ਼ਬਦ ਕਿਸ ਨੇ ਕਿਸ ਨੂੰ ਬੋਲੇ ਹਨ ਪ੍ਰਸੰਗ ਸਹਿਤ ਲਿਖੋ।
2. "ਬਾਕੀ ਸਭ ਸੁਖ ਸਾਂਦ ਹੈ"। ਕਹਿਣ ਤੋਂ ਕੀ ਭਾਵ ਸੀ?
3. ਇਹਨਾਂ ਸ਼ਬਦਾਂ ਦੇ ਆਧਾਰ 'ਤੇ ਉਸ ਬੁੱਢੀ ਦੀ ਮਾਨਸਿਕਤਾ ਦਾ ਵਰਣਨ ਕਰੋ।
4. ਇਹ ਸ਼ਬਦ ਸੁਣ ਕੇ ਲੇਖਕ 'ਤੇ ਕੀ ਬੀਤ ਦੀ ਹੈ?

**6) ਲੈ' ਉਹ ਆਪਣੀ ਲਿਆਕਤ ਦੇ ਮਾਣ ਵਿੱਚ ਬੋਲੀ-ਮੁੰਨੀ ਦਾ ਬਾਪੂ ਤੂੰ ਮੈਨੂੰ ਉੱਕਾ ਹੀ ਗਈ ਬੀਤੀ ਸਮਝ ਛੱਡਿਆ? ਜੰਮੀ ਭਾਵੇਂ ਪਿੰਡ ਵਿੱਚ ਆਂ, ਪਰ ਅੱਖਾਂ ਤੇ ਸ਼ਹਿਰ ਵਿੱਚ ਖੋਲ੍ਹੀਆਂ ਨੇ ਮਾਮੀ ਇੱਕ ਵਾਰੀ ਅਸ਼ ਅਸਨਾ ਕਰ ਉਠੀ ਤੇ ਆਖੀ।".** (10)

1. ਇਹ ਸ਼ਬਦ ਕਿਸ ਕਹਾਣੀ ਵਿੱਚੋਂ ਲਏ ਗਏ ਹਨ ਅਤੇ ਇਸ ਦਾ ਲੇਖਕ ਕੌਣ ਹੈ?
2. ਬੋਲਣ ਵਾਲੇਨੂੰ ਆਪਣੀ ਕਿਹੜੀ ਲਿਆਕਤ ਤੇ ਮਾਣ ਸੀ?
3. ਮੁੰਨੀ ਦੇ ਬਾਪੂ ਨੇ ਆਪਣੀ ਪਤਨੀ ਨੂੰ ਕੀ ਸ਼ਬਦ ਕਹੇ ਤੇ ਕਿਉਂ?
4. ਮੁੰਨੀ ਦੇ ਬਾਪੂ ਨੇ ਪਤਨੀ ਦੇ ਇਹ ਸ਼ਬਦ ਸੁਣ ਕੇ ਕੀ ਮਹਿਸੂਸ ਕੀਤਾ?

**7. "ਕਿਸੇ ਦੀ ਮਰਜ਼ੀ ਤੋਂ ਬਿਨਾਂ ਕੋਈ ਕਿਸੇ ਦਾ ਘਰਵਾਲਾ ਹੋ ਸਕਦਾ ਹੈ, ਦਿਲ ਵਾਲਾ ਨਹੀਂ ਹੋ ਸਕਦਾ।".** (10)

1. ਇਹ ਸ਼ਬਦ ਕਿਸ ਕਹਾਣੀ ਵਿੱਚੋਂ ਲਏ ਗਏ ਹਨ ਇਸ ਦਾ ਲੇਖਕ ਕੌਣ ਹੈ?
2. ਉਪਰੋਕਤ ਸ਼ਬਦ ਕਿਸ ਨੇ ਕਿਸ ਨੂੰ ਕਹੇ?

Downloaded From www.icseboard.org

3. ਉਹ ਆਪਣੇ ਖ਼ਾਵੰਦ ਲਈ ਕਿਸ ਤਰ੍ਹਾਂ ਦਾ ਸੋਚਦੀ ਸੀ?
4. ਉਸ ਦਾ ਖ਼ਾਵੰਦ ਕਿਸ ਤਰ੍ਹਾਂ ਦੀਆਂ ਆਦਤਾਂ ਦਾ ਮਾਲਕ ਸੀ?

## ਕਾਵਿ ਸੰਵੇਦਨਾ

**ਹੇਠ ਲਿਖੀਆਂ ਕਾਵਿ ਸਤਰਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਇੱਕ ਤੋਂ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ–:**

**8)** ਮੇਰਾ ਬਚਪਨ ਅਜੇ ਨਾ ਆਇਆ (10)
ਮੇਰਾ ਬਚਪਨ ਕਦ ਆਵੇਗਾ?
ਜਦ ਉਮਰਾਂ ਦੀ ਝੋਲੀ ਦੇ ਵਿੱਚ
ਦੋ ਤਿੰਨ ਚਾਰ ਜਾਂ ਪੰਜ ਵਰ੍ਹੇ ਸਨ
ਮਾਂ ਦੇ ਬੁੱਲ੍ਹ ਬਰਾ ਨਾ ਉੱਤੇ
ਕਦੀ ਨਾ ਉੱਗੀ ਹਰੀ ਕਰੂਮਲ

1. ਕਵਿਤਾ ਅਤੇ ਕਵੀ ਦਾ ਨਾਂ ਲਿਖੋ।
2. ਇਸ ਕਵਿਤਾ ਵਿੱਚ ਕਵੀ ਨੇ ਕਿਸ ਦੇ ਬਚਪਨ ਦੀ ਗੱਲ ਕੀਤੀ ਹੈ?
3. ਕਵੀ ਦਾ ਬਚਪਨ ਕਿਵੇਂ ਬੀਤਿਆ?
4. "ਮਾਂ ਦੇ ਬੁੱਲ ਬਰਾ ਨਾ ਉੱਤੇ ਕਦੀ ਨਾ ਉੱਗੀ ਹਰੀ ਕਰੂਮਲ" ਤੁਕ ਤੋਂ ਕੀ ਭਾਵ ਹੈ?

**9)** ਜੋਬ ਦੇ ਸ਼ਾਚ ਰੁਲਦੇ ਨੇ ਰੋਜ਼ੀ ਲਈ (10)
ਉਹ ਜਦੋਂ ਦੇਸ ਪਰਤਣਗੇ ਆਪਣੇ ਕਦੀ।
ਕੁਛ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ,
ਬਾਕੀ ਕਬਰਾਂ ਤੇ ਰੁੱਖ ਹੋਣ ਜਾ ਬਹਿਣਗੇ।

1. ਇਹ ਕਾਵਿ ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆਹੈ? ਕਵੀ ਦਾ ਨਾਂ ਵੀ ਲਿਖੋ।
2. ਰੋਜ਼ੀ ਲਈ ਲੋਕ ਕਿੱਥੇ ਗਏ ਹਨ?
3. ਮਾਂ ਦੇ ਸਿਵੇ ਦੀ ਅਗਨ ਕੌਣ ਸੇਕਣਗੇ?
4. ਵਿਦੇਸ਼ਾਂ ਵਿੱਚ ਰੁਲਣ ਵਾਲਿਆਂ ਦੀ ਸਥਿਤੀ ਵਾਪਸ ਆਉਣ ਤੇ ਕੀ ਹੋਏਗੀ?

**10)** ਹੋ! ਅਜੇ ਸੰਭਾਲ ਇਸ ਸਮੇਂ ਨੂੰ, (10)
ਕਰ ਸਫਲ ਉਡੰਦਾ ਜਾਂਵਦਾ,
ਇਹ ਠਹਿਰਨ ਜਾ ਚਨਾ ਜਾਣ ਦਾ
ਲੰਘ ਗਿਆ ਨਾ ਮੁੜਕੇ ਆਂਵਦਾ।

1. ਭਾਈ ਵੀਰ ਸਿੰਘ ਜੀ ਸਮੇਂ ਦੀ ਸੰਭਾਲ ਕਰਨ ਲਈ ਕਿਸ ਨੂੰ ਕਹਿ ਰਹੇ ਹਨ?
2. ਕੌਣ ਠਹਿਰਨਾ ਨਹੀਂ ਜਾਣਦਾ?
3. ਕੀ ਇੱਕ ਵਾਰੀ ਲੰਘਿਆ ਸਮਾਂ ਦੁਬਾਰਾ ਹੱਥ ਆ ਸਕਦਾ ਹੈ?
4. ਇਸ ਕਾਵਿ ਟੋਟੇ ਦੇ ਪ੍ਰਸੰਗ ਸਹਿਤ ਭਾਵ ਅਰਥ ਲਿਖੋ।

Downloaded From www.icseboard.org

ਮੌਚ ਮਹਿਕ

ਹੇਠ ਲਿਖੀ ਵਾਰਤਾਲਾਪ ਨੂੰ ਧਿਆਨ ਨਾਲ ਪੜ੍ਹੋ ਅਤੇ ਇੱਕ ਤੋਂ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ-:

11) "ਬਾਬਾ ਜੀ ਨੇ ਹਾਲੇ ਤੱਕ ਇਸ ਘਰ ਦੇ ਦੋ ਟੋਟੇ ਨੀ ਮੰਨੇ। ਤਾਂ ਹੀ ਇਨੇ ਸਾਲਾਂ ਤੋਂ ਕੱਲੇ ਆਪਣੇ ਢਾਰੇ ਚ ਬੈਠ ਐ। ਤੁਸੀਂ ਉਹਨਾਂ ਦਾ ਮਨ ਕਿਉਂ ਨਹੀਂ ਪੜ੍ਹਦੇ।". (10)

1. ਇਹ ਸ਼ਬਦ ਕਿਸ ਨੇ, ਕਿਸ ਨੂੰ ਅਤੇ ਕਦੋਂ ਕਹੇ ਹਨ?
2. ਬਾਪੂ ਜੀ ਨੇ ਘਰ ਦੇ ਦੋ ਟੋਟੇ ਦਿਲੋਂ ਕਿਉਂ ਨਹੀਂ ਸਨ ਮੰਨੇ?
3. ਘਰ ਦੇ ਦੋ ਟੋਟੇ ਕਿਸ ਕਾਰਨ ਹੋਏ ਸਨ?
4. ਕੀ ਵਾਰਤਾਲਾਪ ਕਰਨ ਵਾਲੇ ਨੂੰ ਆਸ ਸੀ ਕਿ ਦੋਵੇਂ ਘਰ ਮੁੜ ਪਰਤ ਆਉਣਗੇ?

12. "ਮੇਰੀ ਗੱਲ ਟਾਲਨਾ ਸਵਾਗਤ ਨੂੰ ਹੋਰ ਉਥੋਂ ਧੱਕੇ ਮਾਰ ਕੇ ਕੱਢ ਦੇਣਗੇ। ਸੌ -ਸ ਕੰਮ ਨੇ ਕਰਨ ਆਲੇ ਕੋਈ ਆਪਣਾ ਕੰਮ ਕਰ ਲਾਂਗੇ। ਹੋਰ ਕੀ ਚਾਰ ਮੱਝਾਂ ਰੱਖ ਕੇ ਕੋਈ ਡੇਅਰੀ ਫਾਰਮ ਹੀ ਚਲਾ ਲਾਂਗੇ। ਕਹਿੰਦੇ ਸ਼ਹਿਰਾਂ ਚ ਇਸ ਕੰਮ ਦੀ ਬੜੀ ਬੁੱਕਤ ਐ।". (10)

1. ਉਪਰੋਕਤ ਸ਼ਬਦ ਕੌਣ ਕਿਸ ਨੂੰ ਕਹਿ ਰਿਹਾ ਹੈ?
2. ਵਾਰਤਾਲਾਪ ਕਰਨ ਵਾਲਾ ਸ਼ਹਿਰ ਕਿਉਂ ਜਾਣਾ ਚਾਹੁੰਦਾ ਸੀ?
3. ਕੀ ਉਸ ਦੀ ਸ਼ਹਿਰ ਜਾਣ ਦੀ ਸਲਾਹ ਕਾਮਯਾਬ ਹੋਈ? ਜੇ ਨਹੀਂ ਤਾਂ ਕਿਉਂ?
4. ਇਸ ਇਕਾਂਗੀ ਦਾ ਅੰਤ ਕਿਵੇਂ ਹੋਇਆ?

13) ਹੁਸ਼ਿਆਰ ਚੰਦ :ਦੋ ਮੁੰਡੇ ਤੇ ਇੱਕ ਕੁੜੀ।
ਕੌਰਾਂ: ਇਹ ਤਾਂ ਕੁਝ ਨਾ ਹੋਇਆ। ਲੋਕੀ ਕੀ ਕਹਿਣਗੇ ਪਈ ਸਾਨੂੰ ਕੋਈ ਕਵਾਰਾ ਨਹੀਂ ਸੀ ਮਿਲਦਾ ਜੋ ਦੂਹਾਜੂ ਦੇ ਲੜ ਲਾਈ। (10)

1. ਉਪਰੋਕਤ ਵਾਰਤਾਲਾਪ ਕਿਸ ਬਾਰੇ ਹੋ ਰਹੀ ਹੈ?
2. ਸੁਹਾਗ ਇਕਾਂਗੀ ਦੇ ਪਾਤਰਾਂ ਦੇ ਨਾਂ ਲਿਖੋ।
3. ਹੁਸ਼ਿਆਰ ਚੰਦ ਕੌਰਾਂ ਨੂੰ ਜੰਡ ਪੁਰੇ ਵਾਲੇ ਸਾਕ ਬਾਰੇ ਕੀ ਦੱਸਦਾ ਹੈ?
4. ਸੁਹਾਗ ਇਕਾਂਗੀ ਵਿੱਚ ਔਰਤ ਦੀ ਜ਼ਿੰਦਗੀ ਦਾ ਕਿਹੋ ਜਿਹਾ ਚਿਤਰਣ ਮਿਲਦਾ ਹੈ?

ooooo

Downloaded From www.jcseboard.org